# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ. 10453-536/(ਕਾਲਜ)/ਜੀ.ਸੀ.

ਮਿਤੀ 25/8/2014

ਯੂਨੀਵਰਸਿਟੀ ਨਾਲ ਸਬੰਧਤ
ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ।

ਵਿਸ਼ਾ:- ਐਜੂਕੇਸ਼ਨ ਕਾਲਜਾਂ ਦੇ ਵਿਦਿਆਰਥੀਆਂ ਤੋਂ ਚਾਰਜ ਕੀਤੀ ਜਾਣ ਵਾਲੀ ਫੀਸ ਸਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਣਯੋਗ ਵਾਈਸ-ਚਾਂਸਲਰ ਸਾਹਿਬ ਨੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ, ਨਾਲ ਸਬੰਧਤ ਬੀ.ਐਡ ਕਾਲਜਾਂ ਵਿਖੇ ਬੀ.ਐਡ ਕੋਰਸ ਲਈ ਪੰਜਾਬ ਸਰਕਾਰ ਦੇ (ਮੀਮੋ ਨੰ. 12/11/04-6ਸਿ1/ਮਿਤੀ,ਚੰਡੀਗੜ੍ਹ ਨੱਥੀ ਪੱਤਰ) ਵੱਲੋਂ ਨਿਰਧਾਰਤ ਫੀਸ ਜੋ ਕਿ 40,000/-ਰੁਪਏ ਹੈ, ਹੀ ਲੈਣ ਦੀ ਪ੍ਰਵਾਨਗੀ ਦਿੱਤੀ ਹੈ। ਜੇਕਰ ਸੈਲਫ ਫਾਈਨਾਂਸਡ ਕਾਲਜਾਂ ਵੱਲੋਂ ਨਿਯਮਾਂ ਵਿਚ ਅਣਗਹਿਲੀ ਕਰਦੇ ਹੋਏ ਵਾਧੂ ਫੀਸ ਚਾਰਜ ਕੀਤੀ ਜਾਂਦੀ ਹੈ ਜਾਂ ਇਸ ਬਾਰੇ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਸਬੰਧਤ ਕਾਲਜਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਵਿਸ਼ਵਾਸ਼ਪਾਤਰ,

ਡੀਨ, ਕਾਲਜ ਵਿਕਾਸ ਕੌਂਸਲ

ਨੱਥੀ: ਉਪਰੋਕਤ ਅਨੁਸਾਰ

ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ
(ਸਿੱਖਿਆ-1 ਸ਼ਾਖਾ)

ਵਿਖੇ

ਡਾਇਰੈਕਟਰ ਸਿੱਖਿਆ ਵਿਭਾਗ(ਕ),
ਪੰਜਾਬ,ਚੰਡੀਗੜ੍ਹ।

ਮੀਮੋ ਨੰ: 12/11/04-6ਸਿ1/
ਮਿਤੀ,ਚੰਡੀਗੜ੍ਹ:

ਵਿਸ਼ਾ:- ਸੈਸ਼ਨ 2010 -11 ਦੌਰਾਨ ਪ੍ਰਾਈਵੇਟ ਸੈਲਫ ਫਾਇਨਾਂਸਡ ਬੀ.ਐੱਡ ਕਾਲਜਾਂ ਵਿੱਚ ਬੀ.ਐੱਡ ਕੋਰਸ ਵਿਚ ਦਾਖਲੇ ਸਬੰਧੀ ਫੀਸ ਨਿਰਧਾਰਤ ਕਰਨ ਬਾਰੇ।

******

ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ: 28/1-10 ਕਾ.ਐਜੂ (2)/3699, ਮਿਤੀ 15-9-10 ਦੇ ਹਵਾਲੇ ਵਿਚ।

2. ਬੀ.ਐੱਡ ਕੋਰਸ ਲਈ ਪ੍ਰਾਈਵੇਟ ਸੈਲਫ ਫਾਇਨਾਂਸਡ ਬੀ.ਐੱਡ ਕਾਲਜਾਂ ਵਿਚ ਸੈਸ਼ਨ 2010-11 ਤੋਂ ਕੁੱਲ ਸਾਲਾਨਾ ਫੀਸ ਕੇਵਲ 40,000/-ਰੁਪਏ (ਕੇਵਲ ਚਾਲੀ ਹਜਾਰ ਰੁਪਏ ) ਨਿਸ਼ਚਿਤ ਕੀਤੀ ਜਾਂਦੀ ਹੈ ਜੋ ਹੇਠ ਲਿਖੀਆਂ ਸ਼ਰਤਾਂ ਅਧੀਨ ਹੋਵੇਗੀ :-

ੳ) ਕੁੱਲ ਚਾਰਜ ਕੀਤੀ ਜਾਣ ਵਾਲੀ ਫੀਸ ਵਿਚੋਂ 10750/-ਰੁਪਏ ਸਾਲਾਨਾ ਪ੍ਰਤੀ ਵਿਦਿਆਰਥੀ ਟਿਊਸ਼ਨ ਫੀਸ ਦੇ ਤੌਰ ਤੇ ਮੰਨਿਆ ਜਾਵੇਗਾ । ਟਿਊਸ਼ਨ ਫੀਸ ਅਤੇ ਐਡੀਸ਼ਨਲ ਸਟਾਫ ਐਕਟੀਵਿਟੀ ਫੰਡ ਦੋਨੋਂ ਇਸ ਵਿਚ ਸ਼ਾਮਲ ਹੋਣਗੇ।

ਅ) ਕੁੱਲ ਫੀਸ ਵਿਚ ਯੂਨੀਵਰਸਿਟੀਦੇ ਸਾਰੇ ਖਰਚੇ ਸ਼ਾਮਿਲ ਹੋਣਗੇ ਪ੍ਰੰਤੂ ਸਾਲਾਨਾ ਪ੍ਰੀਖਿਆ ਫਾਰਮ ਅਤੇ ਪ੍ਰੀਖਿਆ/ ਪ੍ਰੈਕਟੀਕਲ ਫੀਸ ਵੱਖਰੀ ਹੋਵੇਗੀ।

ੲ) ਵਿਦਿਆਰਥੀਆਂ ਪਾਸੋਂ ਲਾਇਬਰੇਰੀ ਦੀ ਮੋੜਨਯੋਗ ਸਕਿਊਰਟੀ 500.00 ਰੁਪਏ ਤੋਂ ਕਿਸੇ ਰੂਪ ਵਿਚ ਵੀ ਵੱਧ ਨਹੀਂ ਹੋਵੇਗੀ ਅਤੇ ਸ਼ਨਾਖਤੀ ਕਾਰਡ ਲਈ ਵੱਖਰੀ ਰਕਮ ਚਾਰਜ ਨਹੀਂ ਕੀਤੀ ਜਾਵੇਗੀ।

ਸ) ਵਿਦਿਆਰਥੀਆਂ ਪਾਸੋਂ ਨਿਰਧਾਰਤ ਫੀਸ ਤੋਂ ਇਲਾਵਾ ਕੋਈ ਫੀਸ ਫੰਡ (ਕੰਪਿਊਟਰ ਫੀਸ ਸਮੇਤ) ਚਾਰਜ ਨਹੀਂ ਕੀਤਾ ਜਾਂਵੇਗਾ। ਫੰਡਾਂ ਦੀ break-up ਹੇਠ ਲਿਖੇ ਅਨੁਸਾਰ ਹੋਵੇਗੀ ਜੋ ਕਿ ਕੁੱਲ ਚਾਰਜ ਕੀਤੀ ਜਾਣਵਾਲੀ ਫੀਸ ਦਾ ਹੀ ਭਾਗ ਹੋਵੇਗਾ। ਇਸ